# JIYA LAL MITTAL DAV PUBLIC SCHOOL

**GRADE – IV SA-I (Sept, 2015)**

**SUBJECT – PUNJABI**

**TIME:3hrs MM: 90**

## ਭਾਗ – ੳ

**(1) ਹੇਠ ਲਿਖੇ ਪੈਰ੍ਹੇ ਨੂੰ ਧਿਆਨ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ : (10)**

ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਸ਼ਹਿਰ ਵਿਖੇ ਸਥਿਤ ਹੈ । ਇਹ ਪੰਜਾਬ ਹੀ ਨਹੀਂ ਸਾਰੇ ਭਾਰਤ ਵਿੱਚ ਪ੍ਰਸਿੱਧ ਹੈ । ਇਸ ਨਾਲ ਇੱਕ ਬਹੁਤ ਹੀ ਦੁਖਦ ਘਟਨਾ ਜੁੜੀ ਹੋਈ ਹੈ । ਇਸ ਕਰਕੇ ਜਿਹੜੇ ਲੋਕ ਅੰਮ੍ਰਿਤਸਰ ਜਾਂਦੇ ਹਨ, ਜਲ੍ਹਿਆਂ ਵਾਲਾ ਬਾਗ ਦੇਖਣ ਜ਼ਰੂਰ ਜਾਂਦੇ ਹਨ । ਇਹ ਉਸ ਸਮੇਂ ਦੀ ਗੱਲ ਹੈ ਜਦ ਭਾਰਤ ਅਜ਼ਾਦ ਨਹੀਂ ਸੀ । ਭਾਰਤ ਤੇ ਅੰਗਰੇਜ਼ ਰਾਜ ਕਰਦੇ ਸਨ। ਸਾਡੇ ਨੇਤਾ ਭਾਰਤ ਨੂੰ ਅਜ਼ਾਦ ਕਰਵਾਉਣਾ ਚਾਹੁੰਦੇ ਸਨ । ਗਾਂਧੀ ਜੀ ਨੇ ਅੰਗਰੇਜਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਕਈ ਅੰਦੋਲਨ ਚਲਾਏ ਪਰ ਅੰਗਰੇਜ਼ਾਂ ਤੇ ਕੋਈ ਅਸਰ ਨਾ ਹੋਇਆ । ਅੰਗਰੇਜਾਂ ਨੇ ਬਹੁਤ ਸਾਰੇ ਦੇਸ਼-ਭਗਤ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ ਦੇਸ਼-ਵਾਸੀਆਂ ਦੇ ਦਿਲਾਂ ਵਿੱਚ ਬਹੁਤ ਗੁੱਸਾ ਸੀ । ਦੇਸ਼ ਵਿੱਚ ਥਾਂ-ਥਾਂ ਜਲਸੇ ਹੋਏ, ਜਿੱਥੇ ਅੰਗਰੇਜ਼ਾਂ ਦੀ ਨਿਖੇਧੀ ਕੀਤੀ ਗਈ ।

(ੳ) ਗਾਂਧੀ ਜੀ ਨੇ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਕੀ ਚਲਾਏ ?
(ਅ) ਦੇਸ਼ ਵਿੱਚ ਥਾਂ-ਥਾਂ ਕੀ ਹੋਏ, ਅਤੇ ਕਿਸ ਦੀ ਨਿਖੇਧੀ ਕੀਤੀ ਗਈ ?
(ੲ) ਜਲ੍ਹਿਆਂ ਵਾਲਾ ਬਾਗ ਕਿਸ ਸ਼ਹਿਰ ਵਿਖੇ ਸਥਿਤ ਹੈ?
(ਸ) ਅੰਗਰੇਜਾਂ ਨੂੰ ਕਿਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ?
(ਹ) ਦੇਸ਼ ਨੂੰ ਕੌਣ ਅਜ਼ਾਦ ਕਰਵਾਉਣਾ ਚਾਹੁੰਦੇ ਸਨ ?

**(2) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਖਾਲੀ ਥਾਵਾਂ ਭਰੋ : (10)**

ਇਕ ਰਾਜੇ ਕੋਲ ਇਕ ਹਾਥੀ ਸੀ । ਉਹ ਹਰ ਰੋਜ਼ ਨਦੀ ਵਿੱਚ ਨਹਾਉਣ ਲਈ ਜਾਂਦਾ ਹੁੰਦਾ ਸੀ । ਦਰਿਆ ਦੇ ਰਸਤੇ ਵਿੱਚ ਇਕ ਬਜ਼ਾਰ ਆਉਂਦਾ ਸੀ । ਬਜ਼ਾਰ ਵਿੱਚ ਇਕ ਦਰਜੀ ਦੀ ਦੁਕਾਨ ਸੀ । ਦਰਿਆ ਨੂੰ ਜਾਂਦਾ ਹੋਇਆ ਹਾਥੀ ਹਰ ਰੋਜ਼ ਦਰਜ਼ੀ ਦੀ ਦੁਕਾਨ ਕੋਲ ਰੁਕ ਜਾਂਦਾ ਸੀ । ਦਰਜ਼ੀ ਇੱਕ

ਨਰਮ ਦਿਲ ਆਦਮੀ ਸੀ । ਉਹ ਰੋਜ਼ ਹਾਥੀ ਨੂੰ ਕੋਈ ਨਾ ਕੋਈ ਚੀਜ਼ ਖਾਣ ਲਈ ਦਿੰਦਾ ਸੀ । ਇਸ ਤਰ੍ਹਾਂ ਹਾਥੀ ਅਤੇ ਦਰਜ਼ੀ ਆਪਸ ਵਿੱਚ ਮਿੱਤਰ ਬਣ ਗਏ ।

ਇਕ ਦਿਨ ਦਰਜ਼ੀ ਘਰੋਂ ਆਪਣੀ ਪਤਨੀ ਨਾਲ ਲੜ ਕੇ ਆਇਆ ਸੀ। ਉਸ ਦਾ ਮਨ ਗੁਸੇ ਨਾਲ ਭਰਿਆ ਹੋਇਆ ਸੀ । ਉਸੇ ਵੇਲੇ ਹਾਥੀ ਵੀ ਆ ਗਿਆ । ਉਸ ਨੇ ਆਪਣੀ ਸੁੰਡ ਦੁਕਾਨ ਦੇ ਅੰਦਰ ਕੀਤੀ । ਨਾ ਦਿੱਤਾ, ਸਗੋਂ ਉਸ ਦੀ ਸੁੰਡ ਵਿੱਚ ਸੂਈ ਚੋਭ ਦਿੱਤੀ ।

(ੳ) ਦਰਜੀ ਇੱਕ _______ ਦਿਲ ਦਾ ਆਦਮੀ ਸੀ ।
(ਅ) ਉਸ ਦੀ ਸੁੰਡ ਵਿੱਚ _______ ਚੋਭ ਦਿੱਤੀ ।
(ੲ) ਹਾਥੀ ਅਤੇ ਦਰਜ਼ੀ ਆਪਸ ਵਿੱਚ _______ ਬਣ ਗਏ ।
(ਸ) ਇਕ ਦਿਨ ਦਰਜ਼ੀ ਘਰੋਂ ਆਪਣੀ _______ ਨਾਲ ਲੜ ਕੇ ਆਇਆ ਸੀ ।
(ਹ) ਉਸ ਨੇ ਆਪਣੀ _______ ਦੁਕਾਨ ਦੇ ਅੰਦਰ ਕੀਤੀ ।

**ਵਾਕ ਬਣਾਉ :**

(ੳ) ਦੁਕਾਨ (ਅ) ਬਜ਼ਾਰ (ੲ) ਮਿੱਤਰ
(ਸ) ਸੁੰਡ (ਹ) ਹਾਥੀ

## ਭਾਗ – ਅ

**(3) ਕੋਈ ਇੱਕ ਲੇਖ ਲਿਖੋ :** (10)

ਲਾਲਚੀ ਰਾਣੀ ਜਾਂ ਸਾਡਾ ਘਰ

**(4) ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਫੀਸ ਮੁਆਫੀ ਲਈ ਅਰਜੀ ਲਿਖੋ ।** (10)

ਜਾਂ

**ਆਪਣੇ ਪਿਤਾ ਜੀ ਕੋਲੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ ।**

**(5) ਆਪਣੇ ਪੰਜਾਬ ਬਾਰੇ 5 ਵਾਕ ਲਿਖੋ ।** (5)

## ਭਾਗ-ੲ (ਵਿਆਕਰਨ)

**(6) ਖਾਲੀ ਥਾਵਾਂ ਭਰੋ :** (5)

(ੳ) ਭਾਸ਼ਾ ਦਾ ਪਹਿਲਾ ਰੂਪ _______ ਹੈ । (ਲਿਖਤੀ / ਮੌਖਿਕ)
(ਅ) ਭਾਸ਼ਾ _______ ਪ੍ਰਕਾਰ ਦੀ ਹੁੰਦੀ ਹੈ । (ਦੋ / ਤਿੰਨ)
(ੲ) _______ ਤੋਂ ਸਾਨੂੰ ਸ਼ਬਦਾਂ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। (ਅਰਥ ਬੋਧ / ਸ਼ਬਦ ਬੋਧ)
(ਸ) ਜਿਹੜੇ ਅੱਖਰ ਕਿਸੇ ਦੂਜੇ ਅੱਖਰ ਦੀ ਸਹਾਇਤਾ ਤੋਂ ਬਿਨਾਂ ਬੋਲੇ ਜਾਂਦੇ ਹਨ, ਉਹਨਾਂ ਨੂੰ _______ ਆਖਦੇ ਹਨ । (ਸਵਰ/ਵਿਅੰਜਨ)
(ਹ) ਹੋੜਾ ਅੱਖਰ ਦੇ _______ ਲਗਦਾ ਹੈ । ( ਪਿੱਛੇ / ਉਪੱਰ )

**(7) ਵਚਨ ਬਦਲੋ :-** (3)

(ੳ) ਪਟਾਕਾ (ਅ) ਜਲਸਾ (ੲ) ਕੁੜੀ

**(8) ਲਿੰਗ ਬਦਲੋ :** (3)

(ੳ) ਰਾਜਾ (ਅ) ਬੁੱਢਾ (ੲ) ਗੱਠਾ

**(9) ਵਿਰੋਧੀ ਸ਼ਬਦ ਲਿਖੋ :** (2)

(ੳ) ਮਿਹਨਤੀ (ਅ) ਆਦਰ

**(10) ਅਸ਼ੁੱਧ/ਸ਼ੁੱਧ :** (2)

(ੳ) ਕੋਈਲ (ਅ) ਦੀਵੀਆਂ

**(11) ਪ੍ਰਸ਼ਨ ਦਾ ਉਤੱਰ ਵਿਸਥਾਰ ਨਾਲ ਦਿਉ :** (5)

**ਭਾਸ਼ਾ ਜਾਂ ਬੋਲੀ ਕਿਸਨੂੰ ਆਖਦੇ ਹਨ ਅਤੇ ਉਸਦੀਆਂ ਕਿੰਨੀਆਂ ਕਿਸਮਾਂ ਹਨ ?**

## ਭਾਗ - ਸ (ਪਾਠ-ਪੁਸਤਕ)

**(12) ਔਖੇ ਸ਼ਬਦਾਂ ਦੇ ਅਰਥ ਲਿਖੋ :-** (3)

(ੳ) ਪ੍ਰਸਿੱਧ (ਅ) ਸਰੋਵਰ (ੲ) ਅੰਨ

**(13) ਖਾਲੀ ਥਾਵਾਂ ਭਰੋ :-** (3)

(ੳ) _________ ਦੀ ਦੀਵਾਲੀ ਬਹੁਤ ਪ੍ਰਸਿੱਧ ਹੈ ।
(ਅ) ਉਸ ਦਿਨ ਬੱਸ ਵਿੱਚ ਬਹੁਤ _______ ਸੀ ।
(ੲ) ਇੱਕ ਵਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ _______ ਪੈ ਗਿਆ ।

**(14) ਪ੍ਰਸ਼ਨ / ਉੱਤਰ :** (4)

(ੳ) ਕਿਸ ਪੰਛੀ ਨੇ ਮਿੱਠਾ ਗੀਤ ਗਾਇਆ ਹੈ ?
(ਅ) ਦੀਵਾਲੀ ਸਾਨੂੰ ਕਿੰਨਾਂ ਦੀ ਯਾਦ ਦਿਵਾਉਂਦੀ ਹੈ?
(ੲ) ਮਹਾਰਾਜਾ ਲੋਕਾਂ ਦਾ ਕੀ ਕਹਾਉਂਦਾ ਸੀ ?
(ਹ) ਕਿਸਾਨ ਦੇ ਚਾਰੇ ਪੁੱਤਰ ਕਿਹੋ ਜਿਹੇ ਸਨ ?

**(15) ਵੱਡੇ ਉੱਤਰਾਂ ਵਾਲੇ ਪ੍ਰਸ਼ਨ :** (2×3=6)

(ੳ) ਇਕੱਠੇ ਰਹਿਣ ਦੇ ਕੋਈ ਤਿੰਨ ਲਾਭ ਲਿਖੋ ।
(ਅ) ਤੁਸੀ ਸਾਉਣ ਮਹੀਨੇ ਵਿੱਚ ਮੀਂਹ ਪੈਣ ਤੇ ਇਕੱਠੇ ਹੋ ਕੇ ਕੀ-ਕੀ ਕਰਦੇ ਹੋ ? ਕੋਈ ਤਿੰਨ ਵਾਕ ਲਿਖੋ ।

**(16)** ਤੁਸੀ ਆਪਣੇ ਘਰ ਵਿੱਚ ਦੀਵਾਲੀ ਕਿਵੇਂ ਮਨਾਉਂਦੇ ਹੋ? ਕੋਈ ਪੰਜ ਵਾਕ ਲਿਖੋ । (4)

**(17) ਨਵੇਂ ਸ਼ਬਦਾਂ ਦੇ ਅਰਥ ਲਿਖੋ :** (5)

(ੳ) ਤਕਦੀਰ (ਅ) ਰਹਿਮ (ੲ) ਤ੍ਰਾਹ
(ਸ) ਵਿਤਕਰਾ (ਹ) ਸੂਰਮਾ (5)